# PUNJABI
## (Compulsory)

Time Allowed : Three Hours

**2015**

Maximum Marks : 300

### QUESTION PAPER SPECIFIC INSTRUCTIONS

**Please read each of the following instructions carefully before attempting questions :**

All questions are to be attempted.

The number of marks carried by a question/part is indicated against it.

Answer must be written in **PUNJABI (Gurmukhi Script)** unless otherwise directed in the question.

Word limit in questions, wherever specified, should be adhered to and if answered in much longer or shorter than the prescribed length, marks may be deducted.

Any page or portion of the page left blank in the Question-cum-Answer Booklet must be clearly struck off.

---

Q.1. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ 600 ਸ਼ਬਦਾਂ ਵਿੱਚ ਨਿਬੰਧ ਲਿਖੋ :— **100**

Q. 1(a) ਨੌਜੁਆਨਾਂ ਅੰਦਰ ਵੱਧ ਰਿਹਾ ਮਾਨਸਿਕ ਦਬਾਉ।

Q. 1(b) ਅਸਫ਼ਲਤਾ, ਸਫ਼ਲਤਾ ਦੀ ਕੁੰਜੀ ਹੈ।

Q. 1(c) ਕੀ ਪੜ੍ਹਣ ਦੀ ਰੁਚੀ ਘੱਟ ਰਹੀ ਹੈ?

Q. 1(d) ਸਮਾਜ ਵਿੱਚ ਅੰਧ-ਵਿਸ਼ਵਾਸਾਂ ਵਿਰੁੱਧ ਸੰਗਰਾਮ।

Q.2. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਵਿੱਚੋਂ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ। ਉੱਤਰ ਸਪੱਸ਼ਟ, ਠੀਕ ਅਤੇ ਸੰਖੇਪ ਹੋਣੇ ਚਾਹੀਦੇ ਹਨ :— **12×5=60**

ਪ੍ਰਾਪਤ ਵਿਵਰਣ ਦੱਸਦੇ ਹਨ ਕਿ ਭਾਰਤ ਦੇ ਕਾਲਜਾਂ ਵਿੱਚੋਂ ਵਿਦਿਆ ਹਾਸਿਲ ਕਰਕੇ ਆਉਣ ਵਾਲਿਆਂ ਵਿੱਚੋਂ 80 ਪ੍ਰਤੀਸ਼ਤ ਲੋਕ ਨੌਕਰੀ ਦੇ ਕਾਬਿਲ ਨਹੀਂ ਹੁੰਦੇ। ਮੈਂ, ਜੋ ਕਿ ਨੌਜੁਆਨ ਪੀੜ੍ਹੀ ਦੇ ਸੰਪਰਕ ਵਿੱਚ ਹਾਂ, ਇਸ ਸੰਬੰਧੀ ਪੇਸ਼ ਅੰਕੜਿਆਂ ਨਾਲ ਅਸਹਿਮਤ ਹਾਂ। ਨੌਜੁਆਨਾਂ ਨਾਲ ਸੰਵਾਦ ਰਚਾਉਣ ਮਗਰੋਂ ਮੈਂ ਇਹ ਕਹਿ ਸਕਦਾ ਹਾਂ ਕਿ ਇਨ੍ਹਾਂ ਵਿੱਚੋਂ 90 ਪ੍ਰਤੀਸ਼ਤ ਸਿਰਫ਼ ਇਸ ਕਰਕੇ ਨੌਕਰੀ ਦੇ ਕਾਬਿਲ ਨਹੀਂ, ਕਿਉਂਕਿ ਉਹ ਅਸਪੱਸ਼ਟ ਅਤੇ ਗ਼ੈਰ-ਜ਼ੁੰਮੇਵਾਰ ਹਨ। ਕਿਤੇ ਕਿਤੇ ਇਹ ਨੌਜੁਆਨ, ਆਤਮ-ਵਿਸ਼ਵਾਸ ਦੇ ਨਾਂ 'ਤੇ ਬੁਰੀਆਂ ਆਦਤਾਂ ਅਖ਼ਤਿਆਰ ਕਰ ਜਾਂਦੇ ਹਨ। ਉਹ ਕੁਝ ਵੀ ਕਰਨਾ ਨਹੀਂ ਚਾਹੁੰਦੇ, ਪਰ ਵੱਧ ਤੋਂ ਵੱਧ ਧਨ ਕਮਾਉਣ ਦੀ ਲਾਲਸਾ ਰੱਖਦੇ ਹਨ।

ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਉਹ ਕਿਸੇ ਕੰਮ ਦੇ ਲਾਇਕ ਨਹੀਂ। ਉਨ੍ਹਾਂ ਵਿੱਚੋਂ ਬਹੁਤੇ ਚੰਗੀ ਅੰਗਰੇਜ਼ੀ ਬੋਲਣਾ ਜਾਣਦੇ ਹਨ ਅਤੇ ਆਪਣੇ ਆਪ ਵਿੱਚ ਸਵੈ-ਵਿਸ਼ਵਾਸ ਦੇ ਮਾਲਕ ਹਨ। ਉਹ ਮੋਬਾਇਲ ਫ਼ੋਨ ਦੀਆਂ ਨਿੱਤ ਨਵੀਆਂ ਆਉਣ ਵਾਲੀਆਂ ਰਿੰਗ ਧੁਨੀਆਂ, ਫ਼ਿਲਮਾਂ ਅਤੇ ਚੁਟਕਲਿਆਂ ਤੋਂ ਜਾਣੂ ਹੁੰਦੇ ਹਨ। ਪਰ, ਜਦੋਂ ਕੋਈ ਇਸ ਸਭ ਕੁਝ ਤੋਂ ਅਗਾਂਹ ਬਾਰੇ ਪੁੱਛ-ਪ੍ਰਤੀਤ ਕਰਦਾ ਹੈ ਤਾਂ ਉਹ ਨਿਰਾਸ਼ਾ ਭਰੀਆਂ ਅੱਖਾਂ ਨਾਲ ਮੈਨੂੰ ਘੂਰਨ ਲੱਗ ਪੈਂਦੇ



RaadheytheVisiion || Contact us: - +919625757536; +918889907405

mailto:mentorship@raadheythevisiion.in raadheythevisiion.in

Mukherjee Nagar, North West, Delhi-110009

ਹਨ। ਉਹ ਬਹੁਤ ਧਨ ਕਮਾਉਣਾ ਲੋਚਦੇ ਹਨ। ਮੀਡੀਆ ਹਾਈਪਸ ਅਤੇ ਬਿਨਾਂ ਨਾਗਾ ਪ੍ਰਕਾਸ਼ਤ ਹੁੰਦੇ ਤਨਖਾਹ-ਸਰਵੇਖਣਾਂ ਦਾ ਧੰਨਵਾਦ ਹੈ, ਪਰ ਉਨ੍ਹਾਂ ਕੋਲ, ਉਸ ਕਿਸਮ ਦਾ ਧਨ ਕਮਾਉਣ ਦੀ ਕੁਸ਼ਲਤਾ ਨਹੀਂ ਹੁੰਦੀ। ਉਨ੍ਹਾਂ ਦੀਆਂ ਡਿਗਰੀਆਂ ਉਦੋਂ ਸੰਦੇਹ ਦੇ ਘੇਰੇ ਵਿੱਚ ਆ ਜਾਂਦੀਆਂ ਹਨ ਜਦੋਂ ਉਨ੍ਹਾਂ ਕੋਲੋਂ ਗ੍ਰੈਜੂਏਸ਼ਨ ਵਿੱਚ ਲਏ ਵਿਸ਼ਿਆਂ ਬਾਰੇ ਪ੍ਰਸ਼ਨ ਪੁੱਛੇ ਜਾਂਦੇ ਹਨ ਅਤੇ ਉਨ੍ਹਾਂ ਵਿੱਚੋਂ ਬਹੁਤੇ ਮੁਸ਼ਕਲ ਨਾਲ ਹੀ ਜਵਾਬ ਦੇ ਪਾਂਦੇ ਹਨ। ਜਿੱਥੋਂ ਤੱਕ ਵਧੀਕ ਪੜ੍ਹਾਈ ਦਾ ਸੰਬੰਧ ਹੈ, ਕੋਈ ਵਾਧੂ ਪੜ੍ਹਣਾ ਨਹੀਂ ਚਾਹੁੰਦਾ। ਪਰ, ਇਸ ਸੰਬੰਧ ਵਿੱਚ ਕੁਝ ਹੋਰ ਪ੍ਰਸ਼ਨ ਵੀ ਹਨ : ਜਿਵੇਂ ਕਿ, ਨੈਤਿਕਤਾ ਤੇ ਵਿਵਹਾਰ ਸੰਬੰਧੀ ਪ੍ਰਸ਼ਨ; ਤੁਸੀਂ ਕਿਸ ਕੰਮ ਜਾਂ ਵਿਸ਼ੇ ਵਿੱਚ ਪ੍ਰਪੱਕ ਹੋ ? ਜਾਂ ਤੁਸੀਂ ਆਪਣਾ ਵਿਹਲ ਦਾ ਸਮਾਂ ਕਿਵੇਂ ਗੁਜ਼ਾਰਦੇ ਹੋ, ਆਦਿ ਆਦਿ। ਜਦੋਂ ਅਜਿਹੇ ਪ੍ਰਸ਼ਨ ਪੁੱਛੇ ਜਾਂਦੇ ਹਨ ਤਾਂ ਇਹ ਸਵੈ-ਵਿਸ਼ਵਾਸ ਨਾਲ ਭਰਪੂਰ ਨੌਜੁਆਨ ਮੁੰਡੇ ਤੇ ਕੁੜੀਆਂ, ਵਿਆਕੁਲ ਤੱਕਣੀਆਂ ਨਾਲ ਮੇਰੇ ਇਰਦ-ਗਿਰਦ ਇਕੱਠੇ ਹੋ ਜਾਂਦੀਆਂ ਹਨ ਜਿਵੇਂ ਕਿ ਉਹ ਸਾਰੇ ਪੁੱਛ ਰਹੇ ਹੋਣ ਕਿ "ਉਹ ਇਨ੍ਹਾਂ ਪ੍ਰਸ਼ਨਾਂ ਦੇ ਕੀ ਉੱਤਰ ਦੇਣ ?"

ਉਨ੍ਹਾਂ ਨੂੰ ਇਹ ਕਹਿਣਾ ਚੰਗਾ ਨਹੀਂ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਹੈ ਅਤੇ ਉਨ੍ਹਾਂ ਨੂੰ ਆਪਣੇ ਬਾਰੇ ਵਿੱਚ ਮੈਨੂੰ ਦੱਸਣਾ ਚਾਹੀਦਾ ਹੈ। ਕਿਉਂਕਿ, ਉਹ ਹਮੇਸ਼ਾਂ ਬਣੇ-ਬਣਾਏ ਉੱਤਰ ਚਾਹੁੰਦੇ ਹਨ, ਜਿਨ੍ਹਾਂ ਦੀ ਮਦਦ ਨਾਲ ਉਹ ਸਫ਼ਲਤਾ ਦੀਆਂ ਪਉੜੀਆਂ ਚੜ੍ਹ ਸਕਣ। ਉਹ ਕਹਿੰਦੇ ਹਨ : 'ਜੇਕਰ ਮੈਂ ਇਸ ਸਭ ਕੁਝ ਨੂੰ ਅਮਲ ਵਿਚ ਲਿਆਉਂਦਾ ਹੁੰਦਾ ਤਾਂ ਇਸ ਨੂੰ ਸੱਚ ਕਰਕੇ ਵਿਖਾ ਦੇਣਾ ਸੀ।' ਇਉਂ, ਇਹ ਨੌਜੁਆਨ, ਕਾਹਲੀ ਵਿੱਚ ਉਤਸੁਕ ਪਾਠਕ, ਗਟਾਰ ਵਾਦਕ, ਸਟਾਰ ਬੱਲੇਬਾਜ਼ ਅਤੇ ਇੱਥੋਂ ਤੱਕ ਕਿ ਐਕਟਰ ਬਣ ਜਾਂਦੇ ਹਨ। ਮੈਨੂੰ ਹੈਰਾਨੀ ਹੋਵੇਗੀ, ਜੇਕਰ ਕੋਈ ਬੇਵਾਕੂਫ਼ ਇੰਟਰਵਿਊ ਲੈਣ ਵਾਲਾ, ਉਨ੍ਹਾਂ ਦੀਆਂ ਅੱਧ-ਪੱਕੀਆਂ ਕਹਾਣੀਆਂ ਨੂੰ ਖਰੀਦੇਗਾ।

ਜਿਉਂ ਜਿਉਂ ਭਾਰਤ ਅੱਗੇ ਵੱਧ ਰਿਹਾ ਹੈ ਅਸੀਂ ਉਸ ਸੋਚ-ਰਹਿਤ ਪੀੜ੍ਹੀ ਨੂੰ ਜਨਮ ਦੇ ਰਹੇ ਹਾਂ ਜਿਸ ਦਾ ਇਕੋ ਇੱਕ ਉਦੇਸ਼ ਹੈ : ਬਿਨਾਂ ਕੁਝ ਕੀਤੇ ਚੰਗਾ ਜੀਵਨ ਬਤੀਤ ਕਰਨਾ। ਇੰਝ ਲੱਗਦਾ ਹੈ ਜਿਵੇਂ ਅਸੀਂ ਬਿਨਾਂ ਦ੍ਰਿਸ਼ਟੀ ਦੇ, ਬਿਨਾਂ ਪ੍ਰਤੀਬੱਧਤਾ ਜਾਂ ਸਦਾਚਾਰ ਦੇ, ਬਹੁਤ ਸਾਰੇ ਰੁੜ੍ਹਦੇ ਪੱਥਰ ਪੈਦਾ ਕਰ ਰਹੇ ਹੋਈਏ। ਜਦੋਂ ਉਨ੍ਹਾਂ ਨੂੰ ਆਪਣੇ ਆਪ ਨੂੰ ਬਚਾਉਣ ਜਾਂ ਕੁਝ ਚੰਗਾ ਕਰ ਗੁਜ਼ਰਨ ਵਿੱਚੋਂ ਚੋਣ ਕਰਨ ਲਈ ਕਿਹਾ ਗਿਆ ਤਾਂ ਬਹੁਤਿਆਂ ਨੇ ਆਪਣੇ ਆਪ ਨੂੰ ਬਚਾਉਣ ਸੰਬੰਧੀ ਪ੍ਰਤੀਉੱਤਰ ਦਿੱਤਾ। ਜਦੋਂ ਤੁਸੀਂ ਨੌਜੁਆਨ ਹੁੰਦੇ ਹੋ ਤਾਂ ਕੋਈ ਨਾ ਕੋਈ ਆਦਰਸ਼ਵਾਦ ਤੁਹਾਡੇ ਸਾਮ੍ਹਣੇ ਹੋਣਾ ਚਾਹੀਦਾ ਹੈ; ਭਾਵੇਂ ਤੁਹਾਡੇ ਵਿਚਾਰ ਬਹੁਤੇ ਪ੍ਰੌਢ ਨਾ ਵੀ ਹੋਣ, ਪਰ ਤੁਸੀਂ ਕਿਸੇ ਨਾ ਕਿਸੇ ਸਿੱਧਾਂਤ ਜਾਂ ਉਦੇਸ਼ ਲਈ ਜ਼ਰੂਰ ਜੂਝਣਾ ਚਾਹੋਗੇ। ਇਨ੍ਹੀਂ ਦਿਨੀਂ ਵੇਖਣ ਵਿੱਚ ਇਹੀ ਆਇਐ ਕਿ ਨੌਜੁਵਾਨਾਂ ਕੋਲ, ਕਿਸੇ ਸਿਧਾਂਤ ਜਾਂ ਉਦੇਸ਼ ਲਈ ਜੂਝਣ ਦਾ ਜਜ਼ਬਾ ਮੌਜੂਦ ਨਹੀਂ ਹੈ। ਇਸ ਨੌਜੁਆਨ ਪੀੜ੍ਹੀ ਦਾ ਇਕੋ ਰਟਾ-ਰਟਾਇਆ ਉੱਤਰ, ਜੋ ਮੈਂ ਸੁਣਦਾ ਆ ਰਿਹਾ ਹਾਂ ਅਤੇ ਜੋ ਮੈਨੂੰ ਸਮਝ ਆਇਐ, ਉਹ ਮੰਤਰ ਹੈ 'ਪੈਸਾ'। ਜੋ ਕੋਈ ਹੋਰ ਵਧੇਰੇ ਅਰਥ-ਭਰਪੂਰ ਗੱਲ ਕਰਦਾ ਹੈ ਤਾਂ ਉਸ ਨੂੰ ਇਕਦਮ ਆਉਧ ਵਿਹਾ ਗਿਆ ਮੰਨ ਲਿਆ ਜਾਂਦਾ ਹੈ।

ਪ੍ਰਸ਼ਨ :

| | | |
|---|---|---|
| Q. 2(a) | ਉਹ ਕਿਹੜੇ ਕਾਰਨ ਹਨ ਜੋ ਨੌਜੁਆਨਾਂ ਨੂੰ ਨੌਕਰੀ ਦੇ ਕਾਬਿਲ ਨਹੀਂ ਬਣਨ ਦਿੰਦੇ ? | 12 |
| Q. 2(b) | ਅਜੋਕਾ ਨੌਜੁਆਨ, ਲੇਖਕ ਤੋਂ ਕੀ ਚਾਹੁੰਦਾ ਹੈ ? | 12 |
| Q. 2(c) | ਲੇਖਕ ਦੇ ਮੁਤਾਬਕ, ਵਰਤਮਾਨ ਪੀੜ੍ਹੀ ਦਾ ਇੱਕੋ ਇੱਕ ਪ੍ਰਮੁੱਖ ਉਦੇਸ਼ ਕੀ ਹੈ ? | 12 |
| Q. 2(d) | ਅੱਜ ਦੇ ਨੌਜੁਆਨ ਦਾ ਨਵਾਂ ਮੰਤਰ ਕੀ ਹੈ ? | 12 |
| Q. 2(e) | ਵਰਤਮਾਨ ਨੌਜੁਆਨ ਪੀੜ੍ਹੀ ਦੀ ਆਦਰਸ਼ਵਾਦ ਪ੍ਰਤੀ ਪਹੁੰਚ ਕੀ ਹੈ ? | 12 |



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

Q.3. ਹੇਠ ਲਿਖੇ ਵਾਰਤਕ-ਅੰਸ਼ ਦਾ ਸੰਖੇਪ ਸਾਰ ਇੱਕ-ਤਿਹਾਈ ਭਾਗ ਵਿੱਚ ਲਿਖੋ। ਸਿਰਲੇਖ ਸੁਝਾਉਣਾ ਜ਼ਰੂਰੀ ਨਹੀਂ ਹੈ। ਸ਼ਬਦ-ਸੀਮਾ ਅਨੁਸਾਰ ਸੰਖੇਪ-ਸਾਰ ਨਾ ਲਿਖਣ ਉੱਪਰ ਅੰਕ ਕੱਟੇ ਜਾਣਗੇ :— 60

ਰਣਨੀਤੀ ਅਤੇ ਆਰਥਕ ਕਾਰਨਾਂ ਕਰਕੇ, ਮੁਲਕ ਨੂੰ ਸੁਰੱਖਿਆ ਮਾਮਲਿਆਂ ਵਿੱਚ ਆਤਮ-ਨਿਰਭਰ ਬਣਾਉਣਾ ਅਤੇ ਵਿਦੇਸ਼ਾਂ ਉਪਰ ਨਿਰਭਰਤਾ ਨੂੰ ਘਟਾਉਣਾ, ਅੱਜ ਦੀ ਜ਼ਰੂਰਤ ਹੈ, ਚੋਣ ਨਹੀਂ। ਬੀਤੇ ਅਤੀਤ ਵਿੱਚ ਸਰਕਾਰ ਨੇ, ਹਥਿਆਰਬੰਦ ਫ਼ੌਜਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ, ਆਰਡਨੈਂਸ ਫ਼ੈਕਟਰੀਆਂ ਅਤੇ ਪਬਲਿਕ ਸੈਕਟਰ ਅੰਡਰਟੇਕਿੰਗਜ਼ ਦੇ ਰੂਪ ਵਿੱਚ, ਡਿਫ਼ੈਂਸ 'ਚ ਉਤਪਾਦਨ ਸਮਰੱਥਾ ਵਧਾਉਣ ਲਈ ਲੋੜੀਂਦੇ ਕਦਮ ਚੁੱਕੇ ਹਨ। ਫਿਰ ਵੀ ਭਿੰਨ-ਭਿੰਨ ਸੁਰੱਖਿਆ ਹਥਿਆਰਾਂ ਦੇ ਉਤਪਾਦਨ ਦੀ ਸਮਰੱਥਾ ਤੇ ਯੋਗਤਾ ਨੂੰ ਵਿਕਸਤ ਕਰਨ ਲਈ, ਭਾਰਤੀ ਨਿੱਜੀ ਸੈੱਕਟਰ ਦੀ ਭੂਮਿਕਾ ਨੂੰ ਵਸੀਹ ਕਰਨ ਦੀ ਲੋੜ ਹੈ। ਭਿੰਨ-ਭਿੰਨ ਵਸਤਾਂ ਦੇ ਘਰੇਲੂ ਉਤਪਾਦਨ ਨੂੰ ਉਤਸਾਹਿਤ ਕਰਨ ਅਤੇ ਪਰਮੋਟ ਕਰਨ ਲਈ 'ਮੇਕ ਇਨ ਇੰਡੀਆ' ਦੇ ਰੂਪ ਵਿੱਚ ਕੁਝ ਯਤਨ ਆਰੰਭੇ ਗਏ ਹਨ। ਡਿਫ਼ੈਂਸ ਦੇ ਸਾਜ਼ੋ-ਸਾਮਾਨ ਦਾ ਘਰੇਲੂ ਉਤਪਾਦਨ, ਹਰੇਕ ਸੈੱਕਟਰ ਨਾਲੋਂ ਵਧੇਰੇ ਲੋੜੀਂਦਾ ਹੈ, ਕਿਉਂਕਿ ਇਸ ਨਾਲ ਨਾ ਸਿਰਫ਼ ਕੀਮਤੀ ਵਿਦੇਸ਼ੀ ਮੁਦਰਾ ਬਚੇਗੀ, ਬਲਕਿ ਰਾਸ਼ਟਰੀ ਸੁਰੱਖਿਆ ਦੇ ਸਰੋਕਾਰ ਵੀ ਸੰਬੋਧਤ ਹੋਣਗੇ।

ਕਿਉਂਕਿ, ਸਰਕਾਰ ਇਕੱਲੀ ਉਪਭੋਗਤਾ ਹੈ, ਇਸ ਲਈ ਡਿਫ਼ੈਂਸ ਸੈੱਕਟਰ 'ਚ 'ਮੇਕ ਇਨ ਇੰਡੀਆ', ਸਾਡੀ ਪਰੋਕਿਉਰਮੈਂਟ ਪਾਲਸੀ ਰਾਹੀਂ ਚਲਾਈ ਜਾਏਗੀ। ਘਰੇਲੂ ਡਿਫ਼ੈਂਸ ਇੰਡਸਟ੍ਰੀ ਨੂੰ ਪਰਮੋਟ ਕਰਨ ਸੰਬੰਧੀ ਸਰਕਾਰ ਦੀ ਨੀਤੀ, ਡਿਫ਼ੈਂਸ ਪਰੋਕਿਉਰਮੈਂਟ ਨੀਤੀ 'ਚ ਸਹੀ ਤਰੀਕੇ ਨਾਲ ਪ੍ਰਤੀਬਿੰਬਤ ਹੋ ਰਹੀ ਹੈ। ਖ਼ਾਸ ਕਰਕੇ, ਜਿੱਥੇ 'ਬਾਏ (ਇੰਡੀਅਨ)' ਅਤੇ 'ਬਾਏ ਐਂਡ ਮੇਕ (ਇੰਡੀਅਨ)' ਕੋਟੀਆਂ ਨੂੰ 'ਬਾਏ (ਗਲੋਬਲ)' ਨਾਲੋਂ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਆਉਣ ਵਾਲੇ ਸਮਿਆਂ ਵਿੱਚ ਆਯਾਤ ਸਿਰਫ਼ ਨਾਂ-ਮਾਤਰ ਹੀ ਰਹਿ ਜਾਏਗਾ ਅਤੇ ਭਾਰਤੀ ਇੰਡਸਟ੍ਰੀ ਨੂੰ, ਲੋੜੀਂਦੇ ਸਿਸਟਮ ਵਿਕਸਤ ਤੇ ਉਤਪਾਦਤ ਕਰਨ ਲਈ ਪਹਿਲ ਦਿੱਤੀ ਜਾਵੇਗੀ। ਹੋ ਸਕਦਾ ਹੈ ਕਿ ਵਰਤਮਾਨ ਭਾਰਤੀ ਕੰਪਨੀਆਂ ਕੋਲ, ਤਕਨਾਲੋਜੀ ਦੇ ਰੂਪ ਵਿੱਚ ਲੋੜੀਂਦੀ ਸਮਰੱਥਾ ਨਾ ਹੋਵੇ, ਉਨ੍ਹਾਂ ਨੂੰ ਵਿਦੇਸ਼ੀ ਕੰਪਨੀਆਂ ਨਾਲ ਸਾਂਝੇਦਾਰੀ ਕਰਨ, ਤਕਨਾਲੋਜੀ ਦੇ ਤਬਾਦਲੇ ਲਈ ਪ੍ਰਬੰਧ ਕਰਨ ਅਤੇ ਉਨ੍ਹਾਂ ਨੂੰ ਆਪਸ 'ਚ ਬੰਨ੍ਹਣ ਲਈ ਉਤਸਾਹਿਤ ਕੀਤਾ ਜਾ ਰਿਹਾ ਹੈ।

ਹੁਣ ਤੀਕ ਘਰੇਲੂ ਇੰਡਸਟ੍ਰੀ ਨੂੰ ਡਿਫ਼ੈਂਸ ਸੈੱਕਟਰ ਵਿੱਚ ਪ੍ਰਵੇਸ਼ ਕਰਨ ਲਈ ਲਾਇਸੈਂਸਿੰਗ, ਐਫ.ਡੀ.ਆਈ. ਪਾਲਸੀ ਆਦਿ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਪ੍ਰਵੇਸ਼-ਪ੍ਰਕਿਰਿਆ ਨੂੰ ਆਸਾਨ ਕਰਨ ਲਈ ਕਈ ਲੋੜੀਂਦੇ ਕਦਮ ਚੁੱਕੇ ਗਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ, ਡਿਫ਼ੈਂਸ ਸੈੱਕਟਰ ਲਈ ਐਫ.ਡੀ.ਆਈ. ਪਾਲਸੀ ਦਾ ਉਦਾਰੀਕਰਨ ਹੈ ਤਾਂ ਜੋ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਉਤਸਾਹਿਤ ਕੀਤਾ ਜਾ ਸਕੇ। ਲਾਇਸੈਂਸਿੰਗ ਪਾਲਸੀ ਨੂੰ ਵੀ ਆਸਾਨ ਕੀਤਾ ਗਿਆ ਹੈ ਅਤੇ ਹੁਣ ਬਹੁਤੇ ਕੰਪੋਨੈਂਟਸ, ਪੁਰਜਿਆਂ, ਕੱਚੇ ਮਾਲ, ਟੈੱਸਟ ਕਰਨ ਵਾਲੇ ਔਜ਼ਾਰਾਂ ਅਤੇ ਉਤਪਾਦਨ ਮਸ਼ੀਨਰੀ ਨੂੰ ਲਾਇਸੈਂਸਿੰਗ ਖੇਤਰ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਹੈ। ਜਿਹੜੀਆਂ ਕੰਪਨੀਆਂ ਇਨ੍ਹਾਂ ਵਸਤਾਂ ਦਾ ਉਤਪਾਦਨ ਕਰਨਾ ਚਾਹੁਣਗੀਆਂ, ਉਨ੍ਹਾਂ ਨੂੰ ਇੰਡਸਟ੍ਰੀਅਲ ਲਾਇਸੈਂਸ ਲੈਣ ਦੀ ਲੋੜ ਨਹੀਂ ਹੋਵੇਗੀ।

ਘਰੇਲੂ ਅਤੇ ਵਿਦੇਸ਼ੀ ਨਿਵੇਸ਼ਾਂ ਲਈ, ਡਿਫ਼ੈਂਸ ਸੈੱਕਟਰ ਵਿੱਚ ਪ੍ਰਵੇਸ਼ ਕਰਨ ਲਈ, ਕਈ ਰਾਹ ਖੁੱਲ੍ਹ ਗਏ ਹਨ। ਇੱਕ ਤਰਫ਼ ਸਰਕਾਰ, ਪਰੋਕਿਉਰਮੈਂਟ, ਨਿਵੇਸ਼, ਸਮੇਤ ਐਫ਼.ਡੀ.ਆਈ. ਲਾਇਸੈਂਸਿੰਗ, ਨਿਰਯਾਤ ਆਦਿ ਦੇ ਖੇਤਰਾਂ ਵਿੱਚ ਲੋੜੀਂਦੀਆਂ ਤਬਦੀਲੀਆਂ ਲਿਆ ਰਹੀ ਹੈ, ਦੂਜੀ ਤਰਫ਼, ਇੰਡਸਟ੍ਰੀ ਨੂੰ ਵੀ ਉਪਰ ਉੱਠਣ ਅਤੇ ਨਵੀਆਂ ਵੰਗਾਰਾਂ ਨੂੰ



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਸਵੀਕਾਰ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਡਿਫ਼ੈਂਸ ਅਜਿਹਾ ਸੈਕਟਰ ਹੈ ਜੋ ਵੱਡੇ ਪੂੰਜੀ ਨਿਵੇਸ਼, ਤਕਨਾਲੋਜੀ ਅਤੇ ਨਵੀਨਤਾ ਦੀ ਮੰਗ ਕਰਦਾ ਹੈ। ਇਸ ਲਈ ਇੰਡਸਟ੍ਰੀ ਨੂੰ ਵੀ ਆਪਣੀ ਮਾਨਸਿਕ ਬਣਤਰ ਨੂੰ ਬਦਲਣਾ ਪਵੇਗਾ ਅਤੇ ਲੰਮੇ ਸਮੇਂ ਲਈ ਸੋਚਣਾ ਪਵੇਗਾ, ਨਾ ਕਿ ਆਰਜ਼ੀ ਤੇ ਥੁੜਚਿਰੇ ਲਾਭਾਂ ਲਈ। ਸੋ, ਸਾਨੂੰ ਆਪਣਾ ਧਿਆਨ ਖੋਜ, ਵਿਕਾਸ ਅਤੇ ਉਤਪਾਦਨੀ ਸਮਰੱਥਾਵਾਂ ਦੀ ਹੁਣਵੀਂ ਸਥਿਤੀ ਉਪਰ ਕੇਂਦਰਿਤ ਕਰਨਾ ਚਾਹੀਦਾ ਹੈ। ਘਰੇਲੂ ਇੰਡਸਟ੍ਰੀ ਨੂੰ ਉਤਾਂਹ ਚੁਕਣ ਲਈ ਅਤੇ ਪਬਲਿਕ ਤੇ ਪ੍ਰਾਈਵੇਟ ਸੈਕਟਰਾਂ ਨਾਲ ਸੰਬੰਧਤ ਇੰਡਸਟ੍ਰੀ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ, ਨਵਾਂ ਵਾਤਾਵਰਨ ਤਿਆਰ ਕਰਨ ਦੀ ਬਹੁਤ ਲੋੜ ਹੈ। (502 Words)

Q.4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ :— 20

ਅਰਬ ਦਾ ਵੱਡਾ ਭਾਗ ਮਾਰੂਥਲ ਹੈ। ਇੱਥੇ ਰੇਤ ਤੇ ਚਟਾਨਾਂ ਤੋਂ ਸਿਵਾਏ ਕੁਝ ਵੇਖਣ ਨੂੰ ਨਹੀਂ ਮਿਲਦਾ। ਰੇਤ ਇਤਨੀ ਗਰਮ-ਹੁੰਦੀ ਹੈ ਕਿ ਦਿਨ ਵੇਲੇ ਤੁਸੀਂ ਇਸ ਉਪਰ ਨੰਗੇ ਪੈਰੀਂ ਚਲ ਨਹੀਂ ਸਕਦੇ। ਇਸ ਮਾਰੂਥਲ ਵਿੱਚ ਇਧਰ ਉਧਰ, ਕੁਝ ਪਾਣੀ ਦੇ ਚਸ਼ਮੇ ਮਿਲਦੇ ਹਨ ਜੋ ਧਰਤੀ ਦੀਆਂ ਡੂੰਘਾਣਾਂ 'ਚੋਂ ਉਪਜਦੇ ਹਨ —— ਇਤਨੀਆਂ ਡੂੰਘੀਆਂ ਡੂੰਘਾਣਾਂ ਕਿ ਸੂਰਜ ਵੀ ਉਨ੍ਹਾਂ ਨੂੰ ਸੁਕਾ ਨਹੀਂ ਸਕਦਾ। ਇਹ ਚਸ਼ਮੇਂ ਗਿਣਤੀ ਵਿੱਚ ਥੋੜ੍ਹੇ ਹਨ ਅਤੇ ਦੂਰ ਦੂਰ ਹਨ, ਪਰ ਜਿੱਥੇ ਕਿਤੇ ਇੱਕ ਚਸ਼ਮਾ ਹੁੰਦਾ ਹੈ ਉੱਥੇ ਪੇੜ੍ਹ ਉੱਗ ਆਉਂਦੇ ਹਨ। ਜੋ ਲੰਮੇ ਲੰਮੇ ਤੇ ਖ਼ੂਬਸੂਰਤ ਹੁੰਦੇ ਹਨ। ਇਨ੍ਹਾਂ ਸਦਕਾ, ਚਸ਼ਮੇ ਦਾ ਆਲਾ-ਦੁਆਲਾ ਠੰਡਾ, ਹਰਾ ਅਤੇ ਛਾਇਆਦਾਰ ਹੋ ਜਾਂਦਾ ਹੈ। ਅਜਿਹੀ ਥਾਂ ਨੂੰ ਮਾਰੂਦੀਪ (ਉਏਸਿਸ) ਕਿਹਾ ਜਾਂਦਾ ਹੈ।

ਜਿਹੜੇ ਅਰਬ ਸ਼ਹਿਰਾਂ ਵਿੱਚ ਨਿਵਾਸ ਨਹੀਂ ਕਰਦੇ, ਉਹ ਸਾਲ ਭਰ ਮਾਰੂਥਲ ਵਿੱਚ ਰਹਿੰਦੇ ਹਨ। ਉਹ ਟੈਂਟਾਂ ਵਿੱਚ ਰਹਿੰਦੇ ਹਨ ਜਿਨ੍ਹਾਂ ਨੂੰ ਆਸਾਨੀ ਦੇ ਨਾਲ ਜਲਦੀ ਗੱਡਿਆ ਤੇ ਉਖੇੜਿਆ ਜਾ ਸਕਦਾ ਹੈ, ਤਾਂ ਜੋ, ਉਨ੍ਹਾਂ ਦੀਆਂ ਬਕਰੀਆਂ, ਭੇਡਾਂ, ਊਠਾਂ ਤੇ ਘੋੜਿਆਂ ਲਈ ਘਾਹ ਤੇ ਪਾਣੀ ਦੀ ਤਲਾਸ਼ ਵਿੱਚ ਉਹ ਇੱਕ ਮਾਰੂਦੀਪ ਤੋਂ ਦੂਜੇ ਮਾਰੂਦੀਪ ਤੱਕ ਵਿਚਰ ਸਕਣ। ਇਹ ਅਰਬੀ ਲੋਕ, ਪੱਕੀਆਂ ਹੋਈਆਂ ਮਿੱਠੀਆਂ ਅੰਜੀਰਾਂ, ਖਜੂਰਾਂ ਖਾਂਦੇ ਹਨ ਜਿਹੜੀਆਂ ਪੇੜ੍ਹਾਂ 'ਤੇ ਉੱਗਦੀਆਂ ਹਨ। ਉਨ੍ਹਾਂ ਨੂੰ ਸੁਕਾ ਲਿਆ ਜਾਂਦਾ ਹੈ। ਸਾਲ ਭਰ ਉਹ ਇਨ੍ਹਾਂ ਦਾ ਹੀ ਸੇਵਨ ਕਰਦੇ ਹਨ।

ਇਨ੍ਹਾਂ ਅਰਬਾਂ ਕੋਲ ਸੰਸਾਰ ਭਰ 'ਚੋਂ ਸਭ ਤੋਂ ਵੱਧੀਆ ਨਸਲ ਦੇ ਘੋੜੇ ਹੁੰਦੇ ਹਨ। ਇੱਕ ਅਰਬੀ ਇਨਸਾਨ ਆਪਣੇ ਘੋੜੇ ਦੀ ਸਵਾਰੀ ਕਰਕੇ, ਬਹੁਤ ਗੌਰਵ ਮਹਿਸੂਸ ਕਰਦਾ ਹੈ। ਉਹ ਉਸ ਨੂੰ ਉਤਨਾ ਹੀ ਪਿਆਰ ਕਰਦਾ ਹੈ ਜਿਤਨਾ ਕਿ ਆਪਣੀ ਪਤਨੀ ਅਤੇ ਬੱਚਿਆਂ ਨੂੰ। ਅਰਬੀ ਲੋਕਾਂ ਲਈ ਊਠ, ਉਨ੍ਹਾਂ ਦੇ ਸੁਹਣੇ ਘੋੜਿਆਂ ਨਾਲੋਂ ਵਧੇਰੇ ਫ਼ਾਇਦੇਮੰਦ ਹੁੰਦਾ ਹੈ, ਪਰ ਊਠ, ਘੋੜੇ ਦੇ ਮੁਕਾਬਲੇ ਵਿੱਚ ਵਧੇਰੇ ਵੱਡਾ ਤੇ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਇੱਕ ਊਠ, ਦੋ ਘੋੜਿਆਂ ਜਿੰਨਾਂ ਜਾਂ ਉਸ ਤੋਂ ਵੱਧ ਭਾਰ ਚੁੱਕ ਸਕਦਾ ਹੈ। ਅਰਬ ਲੋਕ, ਊਠਾਂ ਉਪਰ ਚੀਜ਼ਾਂ ਲੱਦ ਕੇ, ਉਨ੍ਹਾਂ ਉਪਰ ਆਪ ਸਵਾਰ ਹੋ ਕੇ, ਕਈ ਕਈ ਮੀਲਾਂ ਦਾ ਸਫ਼ਰ ਤੈਅ ਕਰਦੇ ਹਨ, ਜਿਵੇਂ ਕਿ ਉਹ 'ਮਾਰੂਥਲ ਦੇ ਜਹਾਜ਼' ਹੋਣ। ਅਕਸਰ, ਉਨ੍ਹਾਂ ਨੂੰ ਇਸੇ ਨਾਂ ਨਾਲ ਬੁਲਾਇਆ ਜਾਂਦਾ ਹੈ।



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

Q.5. ਹੇਠ ਲਿਖੇ ਗੱਦ-ਟੋਟੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :— 20

Language and communication are something that children learn by talking to one another. But schools consider this an act of indiscipline. Instead, we have a special grammar class to learn language ! One educationist remarked, 'It is nice that children spend just a few hours at school. If they spend all 24 hours in schools, they will turn out to be dumb !' In most schools, teachers talk, children listen. The same is true for other skills also. Children learn a great deal without being taught, by tinkering and pottering on their own.

Changes in the school system, if they are to be of lasting significance, must spring from the actions of teachers in their classrooms, teachers who are able to help children collectively. New programmes, new materials and even basic changes in organisational structure will not necessarily bring about healthy growth. A dynamic and vital atmosphere can develop when teachers are given the freedom and support to innovate. One must depend ultimately upon the initiative and respectfulness of such teachers and this cannot be promoted by prescribing continuously and in detail what is to be done.

In education we can cry too much about money. Sure, we could use more, but some of the best classrooms and schools I have seen or heard of, spend far less per pupil than the average in our schools today. We often don't spend well what money we have. We waste large sums on fancy buildings, unproductive administrative staff, on diagnostic and remedial specialists, on expensive equipment that is either not needed, or underused or badly misused, on tons of identical and dull textbooks, readers and workbooks and now on latest devices like computers. For much less than what we do spend, we could make our classrooms into far better learning environments than most of them are today.

Q. 6(a) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਇੰਝ ਵਰਤੋ ਕਿ ਉਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ :— 1×10=10

(i) ਇਸਤੇਮਾਲ 1

(ii) ਆਗਿਆਕਾਰੀ 1

(iii) ਅਖੰਡ ਪਾਠ 1

(iv) ਸਭਿਆਚਾਰ 1

(v) ਇਕੱਠ 1

(vi) ਸੰਕਲਪ 1

(vii) ਮਨਜ਼ੂਰੀ 1

(viii) ਮਿੱਤਰਤਾ 1

(ix) ਅਮਨ 1

(x) ਸਾਂਝੀਵਾਲਤਾ 1



RaadheytheVisiion || Contact us: - +919625757536; +918889907405

mailto:mentorship@raadheythevisiion.in raadheythevisiion.in

Mukherjee Nagar, North West, Delhi-110009

Q. 6(b) ਹੇਠ ਲਿਖੇ ਅਖਾਣਾਂ-ਮੁਹਾਵਰਿਆਂ ਦੇ ਅਰਥ ਦੱਸ ਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ :— 2×5=10

(i) ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ 2

(ii) ਉਲੂ ਸਿੱਧਾ ਕਰਨਾ 2

(iii) ਕੰਨ ਭਰਨੇ 2

(iv) ਸਾਈਆਂ ਕਿਤੇ ਵਧਾਈਆਂ ਕਿਤੇ 2

(v) ਅੱਗ ਬਬੂਲਾ ਹੋਣਾ 2

Q. 6(c) ਹੇਠ ਲਿਖੇ ਸ਼ਬਦ-ਜੋੜ ਠੀਕ ਕਰਕੇ ਲਿਖੋ :— 1×10=10

(i) ਅਮਰਤਸਰ 1

(ii) ਸ਼ੇਹਰ 1

(iii) ਵਾਹਗੁਰੂ 1

(iv) ਪਨਜਾਬ 1

(v) ਕੌਂਹਦਾ 1

(vi) ਮੁਨਛੇ 1

(vii) ਹੱਸਨਾ 1

(viii) ਮੈਨੂ 1

(ix) ਥਿਦਿਯਾ 1

(x) ਪਾਨੀ 1

Q. 6(d) ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਉ :— 2×5=10

(i) ਆਰੀ 2

(ii) ਨਿਰ 2

(iii) ਖ਼ਾਨਾ 2

(iv) ਉਪ 2

(v) ਵਾਨ 2




RaadheytheVisiion || Contact us: - +919625757536; +918889907405

mailto:mentorship@raadheythevisiion.in raadheythevisiion.in

Mukherjee Nagar, North West, Delhi-110009